This question paper contains 5 printed pages]

*Your Roll No................*

**504**

**B.A. (PROGRAMME)/II/III** **B**

PUNJABI LANGUAGE (C)—Paper II

(Basic Punjabi)

(Admissions of 2004/2006 and after in respect

of the students of regular colleges/NCWEB.)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੇ ਕਾਵਿ-ਬੰਦ ਨੂੰ ਧਿਆਨ ਨਾਲ ਪੜ੍ਹੋ ਤੇ ਉਸਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

"ਨਾ ਕੋਈ ਨਾਦ ਸਰੋਦ ਸੁਣੀਵੇ,
ਫਿਰ 'ਸੰਗੀਤ-ਰਸ' ਛਾਇਆ,
'ਚੁਪਚਾਨ' ਵਿਜ ਰੂਪ ਤਿਰੇ ਵਿਚ,
ਕਵਿਤਾ ਰੰਗ ਜਮਾਇਆ ।

P.T.O.

ਸਰਦ-ਸਰਦ ਪਰ ਛੁਹਿਆਂ ਤੈਨੂੰ

ਰੂਹ ਸਰੂਰ ਵਿਚ ਆਵੇ,

ਗਹਿਰ ਗੰਭੀਰ ਅਡੋਲ ਸੁਹਾਵੇ,

ਤੈਂ ਕਿਹਾ ਜੋਗ ਕਮਾਇਆ ।"

**ਪ੍ਰਸ਼ਨ :**

(ੳ) ਕਵੀ ਨੂੰ ਚਸ਼ਮੇ ਵਿਚੋਂ ਕਿਸ ਪ੍ਰਕਾਰ ਦਾ ਸੰਗੀਤ ਸੁਣਾਈ ਦੇ ਰਿਹਾ ਹੈ ?

(ਅ) ਕਵੀ ਕਿਹੜੀ ਵਿਰੋਧੀ ਅਵਸਥਾ ਨੂੰ ਇਕਸੁਰ ਵਿਚ ਬੰਨ੍ਹਣ ਦਾ ਯਤਨ ਕਰ ਰਿਹਾ ਹੈ ?

(ੲ) ਚਸ਼ਮੇ ਦੇ ਠੰਡੇ ਪਾਣੀ ਦੀ ਛੂਹ ਦਾ ਕਵੀ ਉਪਰ ਕੀ ਪ੍ਰਭਾਵ ਪੈ ਰਿਹਾ ਹੈ ?

(ਸ) ਚਸ਼ਮੇ ਦੀ ਅਡੋਲ ਤੇ ਗੰਭੀਰ ਅਵਸਥਾ ਦੀ ਕਵੀ ਕਿਸ ਨਾਲ ਤੁਲਨਾ ਕਰ ਰਿਹਾ ਹੈ ?

ਜਾਂ

ਹੇਠ ਲਿਖੇ ਵਾਰਤਕ-ਪੈਰੇ ਨੂੰ ਪੜ੍ਹ ਕੇ ਉਸਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਉ :

"ਸੱਚ ਬੋਲਣ ਦੇ ਪ੍ਰਣ ਨੇ ਹੀ ਗਾਂਧੀ ਜੀ ਨੂੰ ਬਾਲ-ਉਮਰ ਵਿਚ ਕਈ ਪਾਪਾਂ ਤੋਂ ਬਚਾਇਆ । ਇਕ ਵਾਰੀ ਕੁਸੰਗਤ ਵਿਚ ਰਲ ਕੇ ਉਹ ਮਾਸ ਖਾ ਬੈਠੇ, ਸਿਗਰਟ ਵੀ ਪੀਣ ਲੱਗ ਪਏ ਅਤੇ ਘਰ ਵਿਚੋਂ ਕੁਝ ਚੋਰੀ ਵੀ ਕਰ ਬੈਠੇ, ਪਰ ਪਿਛੋਂ ਸੋਚ ਕੇ ਉਹ ਬਹੁਤ ਦੁਖੀ ਹੋਏ । ਮਾਤਾ-ਪਿਤਾ ਦੇ ਸਾਹਮਣੇ ਮੂੰਹ ਦੇਣ ਜੋਗੇ ਨਾ ਰਹੇ । ਉਨ੍ਹਾਂ ਨੂੰ ਇਉਂ ਪ੍ਰਤੀਤ ਹੋਇਆ ਕਿ ਜਿਸ ਬਕਰੇ ਦਾ ਮਾਸ ਉਨ੍ਹਾ ਖਾਧਾ ਹੈ, ਉਹ ਉਹਨਾਂ ਦੇ ਪੇਟ ਵਿਚ ਮੈਅ-ਮੈਅ ਕਰਕੇ

ਵਿਰਲਾਪ ਕਰ ਰਿਹਾ ਹੈ । ਉਨ੍ਹਾਂ ਦੇ ਪਿਤਾ ਜੀ ਮੰਜੇ ਉੱਤੇ ਬੀਮਾਰ ਪਏ ਸਨ । ਉਹ ਦਿਲ ਵਿਚ ਸੋਚਣ ਲੱਗੇ, ਜੇ ਪਿਤਾਜੀ ਪੁਛ ਬੈਠੇ ਤਾਂ ਮੈਂ ਕੀ ਉੱਤਰ ਦਿਆਂਗਾ ? ਝੂਠ ਬੋਲ ਕੇ ਮੈਂ ਹੋਰ ਪਾਪ ਕਿਉਂ ਕਰਾਂ ?"

ਪ੍ਰਸ਼ਨ :

(ੳ) ਕੁਸੰਗਤ ਵਿਚ ਪੈਕੇ ਗਾਂਧੀ ਜੀ ਨੇ ਕੀ ਕੁਝ ਕੀਤਾ ?

(ਅ) ਕੁਸੰਗਤ ਪਿਛੋਂ ਗਾਂਧੀ ਜੀ ਨੇ ਕੀ ਮਹਿਸੂਸ ਕੀਤਾ ?

(ੲ) ਗਾਂਧੀ ਜੀ ਝੂਠ ਬੋਲਣ ਨੂੰ ਕੀ ਸਮਝਦੇ ਸਨ ?

(ਸ) ਗਾਂਧੀ ਜੀ ਨੂੰ ਸੱਚ ਬੋਲਣ ਦੇ ਪ੍ਰਣ ਨੇ ਕੀ ਲਾਭ ਪਹੁੰਚਾਇਆ ? 10

2. ਕਾਲਜ ਦੇ ਪ੍ਰਿੰਸੀਪਲ ਨੂੰ ਖੇਡਾਂ ਦੇ ਕੋਚ ਵਜੋਂ ਕੰਮ ਕਰਨ ਦੀ ਨੌਕਰੀ ਲਈ ਬਿਨੈ-ਪੱਤਰ ਲਿਖੋ :

**ਜਾਂ**

ਤੁਹਾਡੇ ਭਰਾ ਦਾ ਵਿਆਹ ਹੈ । ਕਾਲਜ ਦੀ ਪ੍ਰਿੰਸੀਪਲ ਨੂੰ ਇਕ ਹਫ਼ਤੇ ਦੀ ਛੁੱਟੀ ਲਈ ਬਿਨੈ-ਪੱਤਰ ਲਿਖੋ । 10

3. ਹੇਠਾਂ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਉਪਰ ਸੱਦਾ-ਪੱਤਰ ਤਿਆਰ ਕਰੋ ।

(ੳ) ਭਤੀਜੇ ਦੇ ਜਨਮ-ਦਿਨ ਲਈ ।

(ਅ) ਕਵੀ-ਦਰਬਾਰ ਲਈ ।

(ੲ) ਦੁਕਾਨ ਦੇ ਮਹੂਰਤ ਲਈ । 10

4. "ਮੈਟਰੋ ਰੇਲ-ਯਾਤਰਾ ਉਪਰ ਇਕ ਬਿਰਤਾਂਤਕ ਪੈਰਾ ਲਿਖੋ। 10

5. (*i*) ਕਿਰਿਆ ਵਿਸ਼ੇਸ਼ਣ ਕਿਸਨੂੰ ਆਖਦੇ ਹਨ। ਇਸਦੀਆਂ ਕਿਸਮਾਂ ਉਦਾਹਰਨਾਂ ਸਹਿਤ ਲਿਖੋ। 10

(*ii*) ਪੰਜਾਬੀ ਭਾਸ਼ਾ ਵਿਚ ਵਰਤੇ ਜਾਂਦੇ ਕੋਈ **ਪੰਜ** ਅੰਗਰੇਜ਼ੀ ਸ਼ਬਦ ਲਿਖੋ। 5

(*iii*) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਲਿਖੋ :

(ੳ) ਪਤੀ ਦੀ ਵੱਡੀ ਭਰਜਾਈ।

(ਅ) ਖੇਤੀ ਬਾੜੀ ਦਾ ਕੰਮ ਕਰਨ ਵਾਲਾ।

(ੲ) ਰੱਬ ਨੂੰ ਨਾ ਮੰਨਣ ਵਾਲਾ ਪੁਰਸ਼।

(ਸ) ਜੋ ਟੱਲੇ ਨਾ।

(ਹ) ਕਹਾਣੀ ਲਿਖਣ ਵਾਲਾ। 5

6. ਹੇਠ ਲਿਖੇ ਭਾਵਾਂ ਨੂੰ ਪ੍ਰਗਟਾਉਣ ਲਈ ਇਕ ਸ਼ਬਦ ਲਿਖੋ :

(ੳ) ਧੰਨਵਾਦ ਲਈ।

(ਅ) ਵਿਦਾਇਗੀ ਲਈ।

(ੲ) ਸਵਾਗਤ ਲਈ।

(ਸ) ਨਿਗਾਹ-ਏ-ਕਰਮ ਲਈ।

(ਹ) ਇਨਕਾਰ ਕਰਨ ਲਈ।

ਜਾਂ

ਅਸੀਮ-ਵਾਚਕ ਵਿਸ਼ਮਿਕ ਤੇ ਇੱਛਿਆ-ਵਾਚਕ ਵਿਸਮਿਕ ਵਿਚ ਅੰਤਰ ਦੱਸੋ। 5

7. ਹੇਠ ਲਿਖਿਤ ਸ਼ਬਦਾਂ ਵਿਚੋਂ ਕਿਸੇ **ਦਸ** ਸ਼ਬਦਾਂ ਦਾ ਪੰਜਾਬੀ ਵਿਚ ਅਨੁਵਾਦ ਕਰੋ :

Academy, Actor, Blank-verse, Comparative, Creation, Fiction, Literature, Logic, Moral, Narration, One-act-play, Prose, Theatre, Tradition, Poem.

**ਜਾਂ**

ਹੇਠ ਲਿਖੇ ਸ਼ਬਦਾਂ ਦਾ ਵਿਆਕਰਨਿਕ ਰੂਪ ਬਦਲੋ :

ਮਿੱਠਾ, ਤੰਗ, ਨਮਕ, ਚੋਰ, ਇਨਸਾਨ, ਝੂਠ, ਉਸਤਾਦ, ਸੁੰਦਰਤਾ, ਚਲਾਕ, ਪਿਆਸ । 10